# ਦਫਤਰ ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ

**ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਬਲਾਕ ਈ, ਵਿੱਦਿਆ ਭਵਨ, ਸੈਕਟਰ 62, ਸ.ਅ.ਸ.ਨਗਰ**

ਵੱਲ:

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਅਤੇ ਸਕੂਲ ਮੁੱਖੀ (ਮਿਡਲ, ਹਾਈ, ਸੀਨੀ ਸੈਕੰ)
ਪੰਜਾਬ।
ਮੀਮੋ ਨੰ: SCERT |2021| 223

**ਵਿਸ਼ਾ: ਉਡਾਨ ਅਤੇ Word of the Day (ਅੰਗਰੇਜੀ ਤੇ ਪੰਜਾਬੀ) ਦੇ ਆਨਲਾਇਨ ਮੁਲਾਂਕਣ ਸਬੰਧੀ।**

1.1 ਉਕਤ ਵਿਸ਼ੇ ਸਬੰਧੀ ਉਡਾਨ ਅਤੇ Word of the Day **(ਅੰਗਰੇਜੀ ਤੇ ਪੰਜਾਬੀ)** ਸੈਸ਼ਨ 2020-21 ਦੀ ਦੁਹਰਾਈ ਕਰਵਾਈ ਜਾ ਰਹੀ ਹੈ। ਜਿਸ ਦੇ ਅਧਾਰ ਤੇ ਆਨਲਾਇਨ ਮੁਲਾਂਕਣ ਹੇਠ ਲਿਖੇ ਅਨੁਸਾਰ ਕੀਤਾ ਜਾਣਾ ਹੈ:-

**ਉਡਾਨ ਪ੍ਰੋਜੈਕਟ (ਅੰਗਰੇਜੀ ਤੇ ਪੰਜਾਬੀ)** ਮਿਤੀ 10-05-2021

**Word of the Day (ਅੰਗਰੇਜੀ ਤੇ ਪੰਜਾਬੀ)** ਮਿਤੀ 12-05-2021

1.2 ਮਿਤੀ 10-05-2021 ਨੂੰ ਉਡਾਨ ਪ੍ਰੋਜੈਕਟ ਅਧੀਨ ਪਿਛਲੇ ਸਾਲ ਭੇਜੇ ਉਡਾਨ ਦੇ ਪ੍ਰਸ਼ਨਾਂ ਦੇ ਅਧਾਰ ਤੇ 20 ਅੰਕਾਂ ਦਾ ਆਨਲਾਇਨ ਮੁਲਾਂਕਣ Google Quiz ਰਾਹੀਂ ਲਿਆ ਜਾਵੇਗਾ। ਜਿਸ ਵਿੱਚ ਗਰੁੱਪ ਵਾਇਜ਼ 6ਵੀਂ ਤੋਂ 8ਵੀਂ, 9 ਵੀਂ ਤੋਂ 10 ਵੀਂ ਅਤੇ 11ਵੀਂ ਤੋਂ 12 ਵੀਂ ਦੇ ਵੱਖਰੇ-ਵੱਖਰੇ ਤਿੰਨ ਲਿੰਕ ਐਸ.ਐਸ.ਏ. (ssapunjab.org) ਦੀ ਸਾਇਟ ਤੇ ਅਪਲੋਡ ਕੀਤੇ ਜਾਣਗੇ। ਜੋ ਕਿ 48 ਘੰਟੇ ਲਈ ਵਿਦਿਆਰਥੀ ਲਈ ਖੁਲੇ ਰਹਿਣਗੇ। ਵਿਦਿਆਰਥੀ ਆਪਣੀ ਸੁਵਿਧਾ ਅਨੁਸਾਰ ਇਹ ਮੁਲਾਂਕਣ ਆਨਲਾਇਨ ਮੁਕੰਮਲ ਕਰ ਸਕਦੇ ਹਨ।

1.3 **Word of the Day (ਅੰਗਰੇਜੀ ਤੇ ਪੰਜਾਬੀ) ਲਈ ਮਿਤੀ 12-05-2021** ਨੂੰ ਪਿਛਲੇ ਸਾਲ ਦੇ ਭੇਜੇ ਗਏ ਵਰਡ (ਅੰਗਰੇਜੀ ਤੇ ਪੰਜਾਬੀ) ਦੇ ਅਧਾਰ ਤੇ ਆਨਲਾਇਨ ਮੁਲਾਂਕਨ ਕੀਤਾ ਜਾਣਾ ਹੈ। ਜਿਸ ਲਈ ਦੋ ਗਰੁੱਪ 6ਵੀਂ ਤੋਂ 8ਵੀਂ ਕਲਾਸ ਅਤੇ 9ਵੀਂ ਤੋਂ 12ਵੀਂ ਲਈ Word of the Day ਤੇ ਅਧਾਰਿਤ 15 ਪ੍ਰਸ਼ਨ ਦੇ ਅੰਗਰੇਜ਼ੀ ਅਤੇ ਪੰਜਾਬੀ ਲਈ ਵੱਖਰੇ-ਵੱਖਰੇ Google Quiz ਲਿੰਕ ਉਕਤ ਮਿਤੀ ਨੂੰ ਵੈਬਸਾਇਟ ਤੇ ਅਪਲੋਡ ਕਰ ਦਿੱਤੇ ਜਾਣਗੇ ਜੋ ਕਿ 48 ਘੰਟੇ ਲਈ ਖੁੱਲੇ ਰਹਿਣਗੇ। ਵਿਦਿਆਰਥੀ ਇਸ ਤੇ ਆਨ ਲਾਇਨ ਮੁਲਾਂਕਣ ਮੁਕੰਮਲ ਕਰ ਸਕਣਗੇ।

2.0 ਉਕਤ ਅਨੁਸਾਰ ਵਿਦਿਆਰਥੀਆਂ ਨੂੰ ਆਨਲਾਇਨ ਮੁਲਾਂਕਣ ਵਿੱਚ ਭਾਗ ਲੈਣ ਲਈ ਉਤਸਾਹਿਤ ਕੀਤਾ ਜਾਵੇ ਅਤੇ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਆਨਲਾਇਨ ਲਿੰਕ ਹਰ ਇੱਕ ਵਿਦਿਆਰਥੀਆਂ ਤੱਕ ਪਹੁੰਚਦਾ ਕੀਤਾ ਜਾਵੇ। ਵਿਦਿਆਰਥੀਆਂ ਨਾਲ ਲਿੰਕ ਸਾਂਝਾ ਕਰਨ ਦੀ ਜਿੰਮੇਵਾਰੀ ਸਮੂਹ ਸਕੂਲ ਅਧਿਆਪਕਾਂ ਤੇ ਮੁੱਖੀਆਂ ਦੀ ਹੋਵੇਗੀ।

6|5|21

(ਜਗਤਾਰ ਸਿੰਘ)
ਡਾਇਟਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ